Intellectual Quest ISSN 2349-1949 Vol-22, December 2024
(A Peer reviewed and Refereed Journal)

# ਪਿਤਰਸੱਤਾ, ਨਾਰੀ ਪਛਾਣ ਤੇ ਸ਼ਾਇਰੀ

- ਡਾ. ਮਨਪ੍ਰੀਤ ਕੌਰ
ਅਸਿਸਟੈਂਟ ਪ੍ਰੋਫ਼ੈਸਰ,
ਪੰਜਾਬੀ ਵਿਭਾਗ,
ਦੇਵ ਸਮਾਜ ਕਾਲਜ ਫ਼ਾਰ ਵਿਮੈਨ, ਸੈਕਟਰ 45-ਬੀ,
ਚੰਡੀਗੜ੍ਹ।

ਸਵਰਾਜਬੀਰ ਆਪਣੇ ਨਾਟਕਾਂ ਵਿੱਚ ਪੁਰਾਤਨ ਕਥਾਵਾਂ/ਲੋਕ ਕਥਾਵਾਂ/ਮਿਥਿਹਾਸ ਅਤੇ ਇਤਿਹਾਸ ਨੂੰ ਨਵੇਂ ਤੇ ਸਮਕਾਲ ਦੇ ਸਮੇਂ ਦੇ ਪ੍ਰਸੰਗ ਵਿੱਚ ਨਵੇਂ ਅਰਥ ਪ੍ਰਦਾਨ ਕਰਦਾ ਰਿਹਾ ਹੈ। ਨਾਟ-ਵਸਤੂ ਅਤੇ ਰੰਗਮੰਚੀ ਵਿਧੀਆਂ ਦੇ ਸੁਮੇਲ ਨਾਲ ਨਾਟਕ ਰਚਣ ਵਾਲਾ ਇਹ ਨਾਟਕਕਾਰ ਅੱਜ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ।

ਕਿਤਾਬੀ ਰੂਪ ਵਿੱਚ ਤਾਂ ਸਵਰਾਜਬੀਰ ਭਾਵੇਂ 'ਧਰਮ ਗੁਰੂ' ਨਾਲ 1999 ਈ. ਵਿੱਚ ਪੰਜਾਬੀ ਨਾਟਕ ਦੇ ਖੇਤਰ ਵਿੱਚ ਪ੍ਰਵੇਸ਼ ਕਰਦਾ ਹੈ, ਪ੍ਰੰਤੂ ਉਸ ਦੇ ਨਾਟਕ 'ਕ੍ਰਿਸ਼ਨ' ਤੇ 'ਧਰਮ ਗੁਰੂ' ਰੰਗਮੰਚ ਉੱਤੇ ਪਹਿਲਾਂ ਹੀ ਪੇਸ਼ ਹੋ ਚੁੱਕੇ ਸਨ, ਜਿਨ੍ਹਾਂ ਨੂੰ ਕੇਵਲ ਧਾਲੀਵਾਲ ਵਰਗੇ ਸੁਘੜ ਨਿਰਦੇਸ਼ਕ ਦੀ ਨਿਰਦੇਸ਼ਨਾ ਹੇਠ ਖੇਡਿਆ ਜਾ ਚੁੱਕਾ ਸੀ। ਸਵਰਾਜਬੀਰ ਨੇ 'ਧਰਮ ਗੁਰੂ', 'ਕ੍ਰਿਸ਼ਨ', 'ਮੇਦਨੀ', 'ਸ਼ਾਇਰੀ', 'ਅਗਨੀ ਕੁੰਡ', 'ਕੱਲਰ', 'ਮੱਸਿਆ ਦੀ ਰਾਤ', 'ਹੱਕ' ਅਤੇ 'ਤਸਵੀਰਾਂ' ਵਰਗੇ ਨਾਟਕਾਂ ਦੀ ਰਚਨਾ ਕਰਕੇ ਜਿੱਥੇ ਇਤਿਹਾਸ-ਮਿਥਿਹਾਸ ਦੇ ਨਵ-ਸਿਰਜਣ ਰਾਹੀਂ ਆਪਣੀ ਸੂਝ ਦੇ ਦਰਸ਼ਨ ਕਰਵਾਏ ਹਨ, ਉੱਥੇ ਉਸ ਨੇ ਰੰਗਮੰਚ ਪੱਖੋਂ ਵੀ ਪੰਜਾਬੀ ਨਾਟਕ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ। 'ਸ਼ਾਇਰੀ' ਨਾਟਕ ਵਿੱਚ ਪਿਤਰਕੀ ਸਮਾਜ ਅੰਦਰ ਔਰਤ ਦੀਆਂ ਸੱਧਰਾਂ ਤੇ ਉਮੰਗਾਂ ਦੇ ਹੋ ਰਹੇ ਘਾਣ ਨੂੰ ਬਿਆਨ ਕੀਤਾ ਗਿਆ ਹੈ। ਪਿਤਰਸੱਤਾ ਦੇ ਵਰਤਾਰੇ ਸੰਬੰਧੀ ਘੋਖਵੀਂ ਦ੍ਰਿਸ਼ਟੀ ਅਪਣਾ ਕੇ ਭਾਰਤੀ ਔਰਤ ਦੀ ਪਛਾਣ ਤੇ ਮੁਕਤੀ ਦੇ ਮਸਲੇ ਨੂੰ ਗੰਭੀਰ ਸੰਵਾਦ ਦਾ ਵਿਸ਼ਾ ਬਣਾਇਆ ਗਿਆ ਹੈ। ਉਸ ਦੇ ਨਾਟਕ ਵਿਸ਼ੇ-ਵਸਤੂ ਪੱਖੋਂ ਤਾਂ ਬੇਜੋੜ ਹਨ ਹੀ, ਰੰਗਮੰਚੀ ਜੁਗਤਾਂ ਦੇ ਪੱਖੋਂ ਵੀ ਪੂਰੇ ਉਤਰਦੇ ਹਨ। ਆਪਣੇ ਨਾਟਕਾਂ ਦੇ ਵਿਸ਼ੇ ਵਿੱਚ ਉਹ ਆਪਣੀ ਪਰੰਪਰਾ ਵਿੱਚੋਂ ਮਿਥ ਕਥਾਵਾਂ ਨੂੰ ਲੈਂਦਾ ਹੈ, ਪਰ ਉਹ ਇਨ੍ਹਾਂ ਦੀ ਪਰੰਪਰਾ ਤੇ ਪੁਰਾਤਨਤਾ ਨੂੰ ਤੋੜਦਾ ਹੋਇਆ, ਇਨ੍ਹਾਂ ਨੂੰ ਨਵੇਂ ਅਰਥਾਂ ਨਾਲ ਜੋੜਦਾ ਹੈ। ਇਸ ਤਰ੍ਹਾਂ ਉਹ ਆਪਣੇ ਨਾਟਕਾਂ ਵਿੱਚ ਮਿੱਥ ਨੂੰ ਰੂਪਾਂਤਰਿਤ ਕਰਦਾ ਹੋਇਆ, ਨਵੇਂ ਰੂਪ ਵਿੱਚ ਪੇਸ਼ ਕਰਨ ਦਾ ਯਤਨ ਕਰਦਾ ਹੈ। ਪੰਜਾਬੀ ਨਾਟਕ ਦੇ ਖੇਤਰ ਵਿੱਚ ਸਵਰਾਜਬੀਰ ਦਾ ਨਾਂ ਬੌਧਿਕ ਨਾਟਕਕਾਰਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ, ਕਿਉਂਕਿ ਉਸ ਨੇ ਇਤਿਹਾਸ ਅਤੇ ਮਿਥਿਹਾਸ ਨੂੰ ਬੌਧਿਕ ਪ੍ਰਸੰਗਾਂ ਵਿੱਚ ਦੇਖਣ ਦਾ ਯਤਨ ਕੀਤਾ ਹੈ। ਉਸ ਨੇ ਆਪਣੇ ਨਾਟਕਾਂ ਵਿੱਚ ਇਤਿਹਾਸ, ਮਿਥਿਹਾਸ, ਧਰਮ-ਰਾਜਨੀਤੀ, ਪਿਤਰਸੱਤਾ,

ਦਲਿਤ ਚੇਤਨਾ, ਨਾਰੀਵਾਦੀ ਚੇਤਨਾ ਆਦਿ ਮਸਲਿਆਂ ਸੰਬੰਧੀ ਨਵੀਂ ਵਿਆਖਿਆ ਪੇਸ਼ ਕੀਤੀ ਹੈ। ਸਵਰਾਜਬੀਰ ਨੇ ਆਪਣੇ ਨਾਟਕਾਂ ਵਿੱਚ ਇਤਿਹਾਸਕ-ਮਿਥਿਹਾਸਕ ਪਾਤਰਾਂ ਨੂੰ ਸ਼ਰਧਾਮਈ ਬਿੰਬ ਵਿੱਚੋਂ ਬਾਹਰ ਕੱਢ ਕੇ ਉਨ੍ਹਾਂ ਦੀ ਪੇਸ਼ਕਾਰੀ ਵਰਤਮਾਨ ਪ੍ਰਸੰਗ ਵਿੱਚ ਅਤੇ ਯਥਾਰਥਕ ਰੂਪ ਵਿੱਚ ਕੀਤੀ ਹੈ। ਪਾਲੀ ਭੁਪਿੰਦਰ ਸਵਰਾਜਬੀਰ ਦੀ ਨਾਟ-ਚੇਤਨਾ ਸੰਬੰਧੀ ਇਉਂ ਲਿਖਦਾ ਹੈ, ''ਸਵਰਾਜਬੀਰ ਵੱਡੀ ਸੰਭਾਵਨਾ ਵਾਲਾ ਨਾਟਕ ਲੇਖਕ ਹੈ ਅਤੇ ਹਰਸਰਨ ਸਿੰਘ ਤੋਂ ਬਾਅਦ ਪੰਜਾਬੀ ਦਾ ਅਜਿਹਾ ਨਾਟਕ ਲੇਖਕ ਹੈ, ਜਿਸ ਨੇ ਆਪਣੇ ਨਾਟਕ ਨੂੰ ਕਦੇ ਆਪ ਨਿਰਦੇਸ਼ਤ ਨਹੀਂ ਕੀਤਾ, ਪਰ ਫੇਰ ਵੀ ਉਹ ਸਥਾਪਿਤ ਨਾਟਕਕਾਰਾਂ ਦੀ ਸ਼੍ਰੇਣੀ ਦਾ ਨਾਟਕਕਾਰ ਮੰਨਿਆ ਜਾਂਦਾ ਹੈ। ਉਸ ਨੇ ਆਪਣੇ ਨਾਟਕਾਂ ਅੰਦਰ ਜਾਣੀਆਂ-ਪਛਾਣੀਆਂ ਭਾਰਤੀ ਮਿੱਥਾਂ ਨੂੰ ਨਵੇਂ ਸਮਾਜਿਕ ਅਤੇ ਰਾਜਸੀ ਸੰਦਰਭਾਂ ਵਿੱਚ ਨਵੇਂ ਅਰਥਾਂ ਸਹਿਤ ਪੂਰੀ ਸਫ਼ਲਤਾ ਨਾਲ ਵਰਤਿਆ ਹੈ। ਸਵਰਾਜਬੀਰ ਦੇ ਨਾਟਕ ਇਸ ਧਾਰਨਾ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਨਾਟਕ ਅੰਦਰ ਮਿਥਿਹਾਸ-ਇਤਿਹਾਸ ਨੂੰ ਸਿਰਫ਼ ਮਿਥਿਹਾਸ ਅਤੇ ਇਤਿਹਾਸ ਦੇ ਪ੍ਰਸੰਗਾਂ ਵਿੱਚ ਲਿਖਿਆ ਹੀ ਨਹੀਂ ਜਾ ਸਕਦਾ...। ਇਸ ਵਿੱਚ ਇਤਿਹਾਸ ਅਤੇ ਮਿਥਿਹਾਸ ਵੀ ਅੱਜ ਦੇ ਪ੍ਰਸੰਗ ਵਿੱਚ ਪ੍ਰਸਤੁਤ ਹੁੰਦੇ ਹਨ।''[1]

ਸਵਰਾਜਬੀਰ ਭਾਰਤੀ/ਪੰਜਾਬੀ ਸਮਾਜ ਵਿਚਲੇ ਅੰਤਰ-ਵਿਰੋਧਾਂ ਨੂੰ ਸਮਝਣ ਲਈ ਇਤਿਹਾਸ-ਮਿਥਿਹਾਸ ਨੂੰ ਸਮਝਣ ਵੱਲ ਰੁਚਿਤ ਹੁੰਦਾ ਹੈ। ਉਸ ਨੂੰ ਇਤਿਹਾਸ ਤੇ ਮਿਥਿਹਾਸ ਪ੍ਰੇਰਕਾਂ ਵਜੋਂ ਆਪਣੇ ਵੱਲ ਖਿੱਚਦੇ ਹਨ। ਉਹ ਇਤਿਹਾਸ-ਮਿਥਿਹਾਸ ਵਿੱਚੋਂ ਇੱਕ ਵੇਰਵੇ, ਘਟਨਾ ਨੂੰ ਚੁਣਦਾ ਹੈ, ਫਿਰ ਉਸ ਦੇ ਬਹੁਪਰਤੀ ਪਸਾਰਾਂ ਦੀ ਤਲਾਸ਼ ਕਰਦਾ ਹੈ। ਉਹ ਗਹਿਨ ਅਧਿਐਨ ਉਪਰੰਤ ਹੀ ਨਾਟਕ ਦੀ ਵਿਉਂਤ ਵਿਉਂਤਦਾ ਹੈ। ਇਸ ਤਰ੍ਹਾਂ ਉਸ ਦੀ ਇਤਿਹਾਸ-ਮਿਥਿਹਾਸ ਪ੍ਰਤੀ ਦ੍ਰਿਸ਼ਟੀ, ਇਤਿਹਾਸ-ਮਿਥਿਹਾਸ ਨੂੰ ਸਿਮਰਨ ਅਤੇ ਪੂਜਣ ਨਾਲੋਂ ਵਧੇਰੇ ਸਮਝਣ ਅਤੇ ਯਥਾਰਥ ਕੇਂਦਰਿਤ ਰਹਿੰਦੀ ਹੈ, ਕਿਉਂਕਿ ਆਪਣੇ ਅਤੀਤ ਤੇ ਵਿਰਸੇ ਨੂੰ ਸਮਝ ਕੇ ਹੀ ਮਨੁੱਖ, ਉਸ ਦੇ ਅਵਚੇਤਨ ਤੇ ਜੀਵਨ ਦ੍ਰਿਸ਼ਟੀ ਦੀ ਜਾਣਕਾਰੀ ਪਾ ਸਕਦਾ ਹੈ।

ਸਵਰਾਜਬੀਰ ਦਾ ਨਾਟਕ 'ਸ਼ਾਇਰੀ' ਜੋ ਕਿ ਉੱਨੀਵੀਂ ਦੀ ਕਵਿਤਰੀ ਪੀਰੋ (ਆਇਸ਼ਾ) ਬਾਰੇ ਹੈ, ਜੋ ਪਹਿਲੇ ਨਾਟਕਾਂ ਨਾਲੋਂ ਵਿਸਤ੍ਰਿਤ ਅਤੇ ਲੰਮੇ ਆਕਾਰ ਦਾ ਹੈ। ਸਵਰਾਜਬੀਰ ਨੇ ਉੱਨੀਵੀਂ ਸਦੀ ਦੇ ਇੱਕ ਵਿਸ਼ੇਸ਼ ਇਤਿਹਾਸਕ ਸਮੇਂ ਤੇ ਸਥਾਨ ਦੇ ਚੌਖਟੇ ਦੀ ਚੋਣ ਕੀਤੀ ਹੈ। ਉਸ ਸਮੇਂ ਦੀਆਂ ਦੋ ਪ੍ਰਸਿੱਧ ਹਸਤੀਆਂ ਸੰਤ ਗੁਲਾਬ ਦਾਸ ਤੇ ਕਵਿਤਰੀ ਪੀਰੋ ਦੇ ਜੀਵਨ-ਪ੍ਰਸੰਗ ਨੂੰ ਆਧਾਰ ਬਣਾ ਕੇ ਦੋ ਕ੍ਰਾਂਤੀਕਾਰੀ ਵਿਅਕਤੀਆਂ ਦੇ ਭਾਵ-ਬੋਧ ਨੂੰ ਕੇਂਦਰ ਵਿੱਚ ਰੱਖ ਕੇ ਨਾਟਕ ਦੀ ਉਸਾਰੀ ਕੀਤੀ ਹੈ। ਨਾਟਕਕਾਰ ਪੀਰੋ ਦੇ ਸੰਘਰਸ਼ ਉੱਪਰ ਕੇਂਦਰਿਤ ਕਰਕੇ ਔਰਤ ਦੀ ਮੁਕਤੀ, ਪਛਾਣ ਦੇ ਚਿੰਨ੍ਹ ਸਿਰਜਦਾ ਹੈ। ਇਸਲਾਮੀ ਪਿਛੋਕੜ ਵਾਲੇ ਪੱਛਮੀ ਪੰਜਾਬ ਦੇ ਗੁਜਰਾਂਵਾਲੇ ਸ਼ਹਿਰ ਦੀ ਜੰਮ-ਪਲ ਪੀਰੋ ਬਾਰੇ ਦੇਵਿੰਦਰ

CCTA

ਵਿਦਿਆਰਥੀ ਦਾ ਇਹ ਕਥਨ ਧਿਆਨਦੇਣਯੋਗ ਹੈ, ''ਪੀਰੋ ਦਾ ਘਰੇਲੂ ਨਾਉਂ 'ਪੀਰੋ ਦਿੱਤੀ' ਦੱਸਿਆ ਜਾਂਦਾ ਹੈ ਤੇ ਕਿਹਾ ਜਾਂਦਾ ਹੈ ਕਿ ਪੀਰੋ ਦੇ ਮਾਪਿਆਂ ਦੇ ਘਰ ਸੰਤਾਨ ਨਹੀਂ ਸੀ। ਪੀਰਾਂ, ਫ਼ਕੀਰਾਂ ਵਿੱਚ ਉਨ੍ਹਾਂ ਦਾ ਵਿਸ਼ਵਾਸ ਬਹੁਤ ਡੂੰਘਾ ਸੀ। ਬੜੀਆਂ ਮੰਨਤਾਂ-ਮਨੌਤਾਂ ਪਿੱਛੋਂ ਕਿਸੇ ਪੀਰ ਦੀ ਦੁਆ ਨਾਲ ਜਾਂ 'ਅਮਲ' ਨਾਲ ਇਹ ਕੁੜੀ ਜੰਮੀ ਤੇ ਸ਼ੁਕਰਾਨੇ ਵਜੋਂ ਉਸ ਦਾ ਨਾਉਂ 'ਪੀਰਾਂ ਦਿੱਤੀ' ਰੱਖਿਆ ਗਿਆ।... ਕੁੜੀ ਨੂੰ ਪਿੰਡ ਦੇ ਮੌਲਵੀ ਪਾਸੋਂ ਰੋਜ਼ੇ ਨਮਾਜ਼ ਦਾ ਚੱਜ ਵੀ ਸਿਖਾਇਆ ਗਿਆ, ਪਰ ਉਸ ਦੇ ਕਲਾਮ ਤੋਂ ਅੱਖਰਾਂ ਦੀ ਜਾਣਕਾਰੀ ਦਾ ਪਤਾ ਨਹੀਂ ਚੱਲਦਾ, ਸਗੋਂ ਗੁਲਾਬ ਦਾਸ ਨੂੰ ਵਜ਼ੀਰਬਾਦ ਤੋਂ ਖ਼ਤ ਮੁਣਸ਼ੀ ਤੋਂ ਲਿਖਵਾਉਂਦੀ ਹੈ।''[2]

ਪੀਰੋ ਦੇ ਜਨਮ, ਪਰਿਵਾਰਕ ਪਿਛੋਕੜ ਤੇ ਰਚਨਾ-ਕਾਲ ਬਾਰੇ ਪੰਜਾਬੀ ਆਲੋਚਕ ਇੱਕਮਤ ਨਹੀਂ ਹਨ। ਇਸ ਲਈ ਉਸ ਦੇ ਬਚਪਨ ਤੇ ਪਰਿਵਾਰਕ ਪਿਛੋਕੜ ਬਾਰੇ ਮੌਖਿਕ ਸਰੋਤਾਂ ਉੱਪਰ ਹੀ ਨਿਰਭਰ ਰਹਿਣਾ ਪੈਂਦਾ ਹੈ। ਇਸ ਤੋਂ ਇਲਾਵਾ ਸਵਰਾਜਬੀਰ ਸੰਤ ਗੁਲਾਬ ਦਾਸ ਦੀ ਸਥਾਪਤ ਰਾਜ ਪ੍ਰਬੰਧ ਤੋਂ ਵਿਦਰੋਹ ਤੇ ਉਸ ਦੇ ਪੀਰੋ ਨਾਲ ਸੰਬੰਧਾਂ ਨੂੰ ਵੀ ਪੇਸ਼ ਕਰਦਾ ਹੈ।

ਨੂਰ ਮੁਹੰਮਦ ਤੇਲੀ ਦੀ ਧੀ ਆਇਸ਼ਾਂ (ਪੀਰੋ) ਮੌਲਵੀ ਤੋਂ ਚਾਰ ਅੱਖਰ ਪੜ੍ਹ ਕੇ ਸ਼ਾਇਰੀ ਕਰਨ ਲੱਗਦੀ ਹੈ। ਆਪਣੇ ਸ਼ਾਇਰੀ ਕਰਨ ਦੇ ਸੁਪਨੇ ਨੂੰ ਪੂਰਾ ਕਰਨ ਲਈ ਉਹ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਇਲਾਹੀ ਬਖ਼ਸ਼ ਦੇ ਘੋੜ ਚੜ੍ਹੇ ਰਹਿਮਤ ਅਲੀ ਨਾਲ ਇਸ਼ਕ ਕਰਕੇ ਲਾਹੌਰ ਪਹੁੰਚਦੀ ਹੈ ਤੇ ਵੇਚੀ ਜਾਂਦੀ ਹੈ। ਰਹਿਮਤ ਅਲੀ ਆਪਣੀ ਨੌਕਰੀ ਬਚਾਉਣ ਲਈ ਇਲਾਹੀ ਬਖ਼ਸ਼ ਨੂੰ ਆਇਸ਼ਾਂ ਨਜ਼ਰਾਨੇ ਵਜੋਂ ਭੇਟ ਕਰਦਾ ਹੈ। ਇਸ ਤਰ੍ਹਾਂ ਆਇਸ਼ਾਂ ਨੂੰ ਇਲਾਹੀ ਬਖ਼ਸ਼ ਆਪਣੇ ਧਨ, ਐਸ਼ੋ-ਇਸ਼ਰਤ ਨਾਲ ਮੋਹ ਲੈਂਦਾ ਹੈ। ਇਸ ਤੋਂ ਉਪਰਾਮ ਹੋ ਕੇ ਆਇਸ਼ਾਂ ਮਨ ਦੀ ਉਪਰਾਮਤਾ ਸਦਕਾ ਕਿਸੇ ਫ਼ਕੀਰ ਨਾਲ ਚਲੀ ਜਾਂਦੀ ਹੈ। ਆਇਸ਼ਾਂ ਇਸ ਤਰ੍ਹਾਂ ਭਟਕਦੀ-ਭਟਕਦੀ ਅੰਤਿਮ ਠਾਹਰ ਸੰਤ ਗੁਲਾਬ ਦਾਸ ਕੋਲ਼ ਪਾਉਂਦੀ ਹੈ। ਇੱਥੋਂ ਹੀ ਉਸ ਨੂੰ ਸਵੈ-ਪਛਾਣ ਮਿਲਦੀ ਹੈ। ਗੁਲਾਬ ਦਾਸ ਨੂੰ ਪੀਰ ਕਬੂਲ ਕਰਕੇ ਪੀਰੋ ਬਣਦੀ ਹੈ। ਡਾ. ਸੁਖਦੇਵ ਸਿੰਘ ਮੱਧਕਾਲ ਵਿੱਚ ਔਰਤ ਦੀ ਸਥਿਤੀ ਸੰਬੰਧੀ ਇਉਂ ਲਿਖਦਾ ਹੈ, ''ਇਸਲਾਮੀ ਸ਼ਰੱਈ ਸੰਸਥਾਵਾਂ, ਸੂਫ਼ੀ ਦਾਇਰਿਆਂ ਅਤੇ ਉਦਾਸੀ/ਨਿਰਮਲੇ/ਵਿਰਕਤ ਆਦਿ ਸੰਪ੍ਰਦਾਵਾਂ ਵਿੱਚ ਔਰਤ ਦੀ ਧਾਰਮਿਕ ਮਾਮਲਿਆਂ ਵਿੱਚ ਭਾਗੀਦਾਰੀ/ਦਾਖ਼ਲਾ ਜਾਂ ਤਾਂ ਵਰਜਿਤ ਸੀ, ਜਾਂ ਬਹੁਤ ਸੀਮਿਤ ਸੀ। ਧਾਰਮਿਕ ਸੰਸਥਾਵਾਂ ਵਿੱਚ ਔਰਤ ਦਾ ਰਹਿਬਰ ਜਾਂ ਆਗੂ ਹੋਣਾ ਮਰਦਾਵੀਂ ਹੈੱਜਮਨੀ (ਸਰਦਾਰੀ) ਨੂੰ ਗਵਾਰਾ ਨਹੀਂ ਸੀ ਕਰਦਾ। ਇੱਕ ਮੁਸਲਮਾਨ, ਸ਼ੂਦਰ ਔਰਤ ਤੇ ਉਹ ਵੀ ਵੇਸਵਾ ਜਿਹੇ ਬਦਨਾਮ ਕਸਬ ਵਾਲੀ ਪੀਰੋ ਨੂੰ ਕੱਟੜ ਮਜ਼ਹਬੀ/ਸੰਪ੍ਰਦਾਈ ਮਾਹੌਲ ਵਿੱਚ ਪਲੇ-ਪੜ੍ਹੇ ਗੁਲਾਬ ਦਾਸ ਦੇ ਚੇਲੇ ਕਿਵੇਂ ਸਹਿਣ ਕਰ ਸਕਦੇ ਸਨ, ਸੀਮਿਤ ਮਜ਼ਹਬੀ ਪਛਾਣਾਂ ਤੇ ਸੰਪ੍ਰਦਾਈ ਜ਼ਿਹਨ ਦੇ ਡੰਗੇ ਅਤੇ ਮਰਦਾਵੀਂ

CCTA

ਹਉਮੈਂ ਵਿੱਚ ਗ੍ਰਸਤ ਗੁਲਾਬਦਾਸੀ ਸਾਧੂਆਂ ਨੇ ਪੀਰੋ ਦੇ ਡੇਰੇ ਵਿੱਚ ਦਾਖ਼ਲੇ ਨੂੰ ਧਾਰਮਿਕ ਮਰਿਆਦਾ ਅਤੇ ਸੰਤ-ਮਾਰਗ ਦੀ ਨੈਤਿਕਤਾ ਦੇ ਭੰਜਨ ਵਜੋਂ ਦੇਖਿਆ।''[3]

ਇਸ ਦੁਖਾਂਤ ਦੇ ਪਰਿਪੇਖ ਵਿੱਚ ਸਵਰਾਜਬੀਰ ਔਰਤ ਦੀ ਹਸਤੀ ਨਾਲ ਜੁੜੇ ਸਾਮੰਤੀ ਤੇ ਪਿਤਰਕੀ ਪ੍ਰਬੰਧ ਦੇ ਸ਼ੋਸ਼ਿਕ ਵਰਤਾਰੇ 'ਤੇ ਪ੍ਰਸ਼ਨ ਖੜ੍ਹੇ ਕਰਦਾ ਹੈ, ਜਿਵੇਂ ਕਿ ਸਭ ਤੋਂ ਪਹਿਲਾ ਸਵਾਲ ਉਸ ਦੀ ਤਾਲੀਮ ਉੱਪਰ ਉੱਭਰਦਾ ਹੈ, ਕਿਉਂਕਿ ਪਰੰਪਰਕ ਲੋਕ-ਮਾਨਸਿਕਤਾ ਵਿੱਚ ਔਰਤ ਤੇ ਤਾਲੀਮ ਗ੍ਰਹਿਣ ਕਰਨ ਦਾ ਅਰਥ ਕਿਤੇ ਨਾ ਕਿਤੇ ਵਿਅਕਤੀਤਵ ਵਿੱਚ ਵਿਗਾੜ ਪੈਦਾ ਕਰਨਾ ਮੰਨਿਆ ਜਾਂਦਾ ਹੈ। ਤਾਲੀਮ ਮਨੁੱਖ ਦੀ ਸੋਚ ਵਿੱਚ ਤਬਦੀਲੀ ਲੈ ਕੇ ਆਉਂਦੀ ਹੈ। ਉਸ ਨੂੰ ਆਪਣੇ ਅਧਿਕਾਰਾਂ ਬਾਰੇ ਸੋਝੀ ਦਿੰਦੀ ਹੈ, ਜੋ ਕਿ ਪਿਤਰਕੀ ਤੇ ਸਾਮੰਤਸ਼ਾਹੀ ਨਿਜ਼ਾਮ ਦੇ ਫੈਲਾਉ ਤੇ ਰਾਹ ਵਿੱਚ ਰੁਕਾਵਟਾਂ ਪੈਦਾ ਕਰ ਸਕਦੀ ਹੈ। ਚੇਤਨ ਤੇ ਸੂਝਵਾਨ ਮਨੁੱਖ ਸਾਮੰਤਸ਼ਾਹੀ ਨਿਜ਼ਾਮ ਦੀਆਂ ਮਾਨਵ ਵਿਰੋਧੀ ਚਾਲਾਂ ਪ੍ਰਤੀ ਜਾਗਰੂਕ ਹੋ ਕੇ ਵਿਦਰੋਹੀ ਸੁਰ ਉਭਾਰ ਸਕਦਾ ਹੈ, ਜੋ ਇਸ ਸਾਮੰਤੀ ਸਮਾਜ ਨੂੰ ਬਿਲਕੁਲ ਮਨਜ਼ੂਰ ਨਹੀਂ। ਇਉਂ ਤਾਲੀਮ ਸਿਰਫ਼ ਅੱਖਰ-ਬੋਧ ਨਹੀਂ ਹੈ, ਸਗੋਂ ਗਿਆਨ ਅਤੇ ਅਗਿਆਨ ਦੇ ਰਸਤੇ ਉੱਪਰ ਸਾਮੰਤਸ਼ਾਹੀ ਦਾ ਵਿਚਾਰਧਾਰਕ ਟਕਰਾਅ ਹੈ।

ਇਤਿਹਾਸਕ ਤੌਰ 'ਤੇ ਇਹ ਸਾਮੰਤੀ ਯੁੱਗ ਦਾ ਬੋਧ ਹੈ ਕਿ ਸਥਾਪਤੀ ਮਨੁੱਖ ਨੂੰ ਗਿਆਨ ਦੀ ਚੇਤਨਾ ਤੋਂ ਵੰਚਿਤ ਕਰਦੀ ਹੈ, ਤਾਂ ਜੋ ਗਿਆਨ ਮਾਨਵ ਮੁਕਤੀ ਦਾ ਰਸਤਾ ਨਾ ਬਣ ਜਾਵੇ। ਆਇਸ਼ਾ ਇਸੇ ਤਾਲੀਮ ਦੇ ਪ੍ਰਭਾਵ ਸਦਕਾ ਸ਼ਾਇਰੀ ਕਰਨੀ ਸਿੱਖਦੀ ਹੈ। ਇਹੀ ਸ਼ਾਇਰੀ ਉਸ ਮਰਦ ਪ੍ਰਧਾਨ ਸਮਾਜ ਵਿੱਚ ਚਾਹੇ ਉਹ ਰਹਿਮਤ ਹੋਵੇ, ਚਾਹੇ ਇਲਾਹੀ ਬਖਸ਼ ਕਿਸੇ ਨੂੰ ਵੀ ਪਸੰਦ ਨਹੀਂ, ਕਿਉਂਕਿ ਇਹੀ ਸ਼ਾਇਰੀ ਆਇਸ਼ਾ ਦੇ ਮਨ ਦੇ ਆਜ਼ਾਦ ਖ਼ਿਆਲਾਂ/ਵਲਵਲਿਆਂ ਦਾ ਪ੍ਰਤਿਰੂਪ ਹੈ। ਮਰਦਾਵਾਂ ਸਮਾਜ ਔਰਤ ਦੀ ਇਸ ਆਜ਼ਾਦ ਖ਼ਿਆਲੀ ਸੋਚ ਨੂੰ ਕੈਦ ਕਰਕੇ ਰੱਖਣਾ ਚਾਹੁੰਦਾ ਹੈ। ਡਾ. ਸਰਬਜੀਤ ਸਿੰਘ ਅਨੁਸਾਰ, ''ਔਰਤ ਸਿਰਫ਼ ਦੇਹ ਭੋਗ ਦੀ ਵਸਤ ਹੈ। ਉਹ ਭਾਵੇਂ ਨੀਵੀਂ ਜਾਤ ਦੀ ਹੈ, ਭਾਵੇਂ ਕੱਢ ਕੇ ਲਿਆਂਦੀ, ਭਾਵੇਂ ਤਾਕਤ ਦੇ ਆਸਰੇ ਖ਼ਰੀਦੀ ਹੋਈ, ਉਹ ਸਿਰਫ਼ ਹੁਸਨ ਦੇ ਸਦਕਾ ਹੀ ਅਰਥ ਭਰਪੂਰ ਹੈ, ਕਿਉਂਕਿ ਉਹ ਮਰਦ ਦੀ ਕਾਮੁਕ ਤ੍ਰਿਪਤੀ ਦਾ ਇੱਕੋ-ਇੱਕ ਸਾਧਨ ਹੈ। ਔਰਤ ਦੀ ਕਾਮਨਾ, ਇੱਛਾ, ਉਮੰਗ, ਸੁਪਨੇ ਦਾ ਫ਼ਿਊਡਲ ਸਮਾਜ ਵਿੱਚ ਕੋਈ ਅਰਥ ਨਹੀਂ। ਮਰਦ ਪ੍ਰਧਾਨ ਕਦਰ ਪ੍ਰਬੰਧ ਔਰਤ ਦੀ ਰਚਣੇਈ ਸ਼ਕਤੀ ਨੂੰ ਖ਼ਤਮ ਕਰੀ ਰੱਖਣਾ ਚਾਹੁੰਦਾ ਹੈ।''[4]

ਇਸ ਤਰ੍ਹਾਂ ਸਵਰਾਜਬੀਰ ਔਰਤ ਦੀ ਦਮਨਕ੍ਰਿਤ ਸਥਿਤੀ ਪ੍ਰਤੀ ਤਰਕਯੋਗ ਸੰਵਾਦ ਰਚਾਉਂਦਾ ਹੈ। ਨਾਟਕ ਵਿੱਚ ਆਇਸ਼ਾਂ ਉਸ ਦੀ ਸੁਤੰਤਰ ਪਛਾਣ ਦਾ ਚਿਹਨ ਬਣਦੀ ਹੈ। ਸ਼ਾਇਰੀ ਮਨੁੱਖੀ ਹੋਂਦ ਦਾ ਉਹ ਪ੍ਰਵਚਨ ਹੈ, ਜੋ ਮਨੁੱਖੀ ਭਾਵ-ਬੋਧ ਅਤੇ ਵਿਚਾਰ ਦਾ ਸੰਚਾਰ ਹੁੰਦੀ ਹੈ। ਇਹ ਭਾਵ-ਬੋਧ ਸਮਾਜਕ ਪ੍ਰਬੰਧ ਨੂੰ ਪ੍ਰਸ਼ਨ ਕਰਦਾ ਹੈ ਅਤੇ ਦਮਨਕਾਰੀ ਧਿਰ ਨੂੰ ਉਸ ਦੇ ਦਾਬੇ ਅਤੇ ਜ਼ੁਲਮ ਪ੍ਰਤੀ ਜ਼ਿੰਮੇਵਾਰ

CGCTA

ਠਹਿਰਾਉਂਦਾ ਹੈ। ਸ਼ਾਇਰੀ ਮਨੁੱਖ ਹੋਣ ਦਾ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਹੈ। ਸ਼ਾਇਰੀ ਮਨੁੱਖ ਦਾ ਆਜ਼ਾਦ ਬੋਲ ਹੈ, ਪ੍ਰੰਤੂ ਸਾਮੰਤਸ਼ਾਹੀ ਅਤੇ ਵਿਤਰਕੀ ਦਾ ਇਹ ਇਤਿਹਾਸਕ ਤਰਕ ਹੈ ਕਿ ਉਹ ਮਨੁੱਖ ਦੇ ਬੋਲ ਨੂੰ ਕੁਚਲ ਦਿੰਦੀ ਹੈ। ਸਵਰਾਜਬੀਰ ਇਤਿਹਾਸ ਦੇ ਇਸ ਦਮਨਕਾਰੀ ਤਰਕ ਨੂੰ ਸਥਾਪਤ ਕਰਦਾ ਹੈ।

ਆਇਸ਼ਾਂ ਦੇ ਪਾਤਰ ਰਾਹੀਂ ਸਵਰਾਜਬੀਰ ਪਿਤਰਸੱਤਾਤਮਿਕ ਸਮਾਜੀ ਸੰਰਚਨਾ ਦੇ ਮਸਲੇ ਨੂੰ ਵੀ ਉਠਾਉਂਦਾ ਹੈ। ਇਸ ਤਰ੍ਹਾਂ ਆਇਸ਼ਾਂ ਨੇ ਆਪਣੇ ਅਸਲੀ ਜੀਵਨ ਅਤੇ ਸ਼ਾਇਰੀ ਵਿੱਚ ਪਿਤਰਕੀ-ਸੱਤਾ ਅਤੇ ਧਰਮ ਦੇ ਸੰਸਥਾਈ ਰੂਪ ਦੇ ਦਾਬੇ ਦੇ ਪਰਛਾਵੇਂ ਵਾਲੀਆਂ ਸਭ ਸਮਾਜਕ-ਸੱਭਿਆਚਾਰਕ ਕਦਰਾਂ ਅਤੇ ਸੰਸਥਾਵਾਂ ਨੂੰ ਨਾ ਕੇਵਲ ਤਿਆਗਿਆ, ਸਗੋਂ ਉਸ ਨੇ ਇਨ੍ਹਾਂ ਦੀ ਸੰਵਿਧਾਨਿਕ ਉਚਿਤਤਾ ਉੱਤੇ ਹੀ ਪ੍ਰਸ਼ਨ ਚਿੰਨ੍ਹ ਲਾ ਦਿੱਤਾ। ਉਸ ਨੇ ਪਿਤਾ ਦੀ ਸੱਤਾ ਵਾਲੇ ਘਰ-ਪਰਿਵਾਰ ਅਤੇ ਪਤੀ ਦੇ ਏਕਾਧਿਕਾਰ ਵਾਲੀ ਵਿਆਹ ਦੀ ਸੰਸਥਾ ਨਾਲੋਂ ਸੁਚੇਤ ਤੌਰ 'ਤੇ ਤੋੜ-ਵਿਛੋੜਾ ਕਰ ਕੇ ਡੇਰੇ ਦੇ ਜੀਵਨ ਨੂੰ ਚੁਣਿਆ, ਕਿਉਂਕਿ ਉਹ ਲਾਹੌਰ ਦੇ ਹੀਰਾ ਮੰਡੀ ਵਿਚਲੇ ਆਪਣੇ ਕਸਬੀ ਜੀਵਨ ਨਾਲ ਸੰਤੁਸ਼ਟ ਨਹੀਂ ਸੀ। ਵੇਸਵਾ ਤੇ ਸ਼ੂਦਰ ਨਾਰੀ ਦੀ ਹੈਸੀਅਤ ਤੋਂ ਬਿਨਾਂ ਉਹ ਕੱਟੜਪੰਥੀ ਇਸਲਾਮੀ ਮੁਲਾਣਿਆਂ ਤੇ ਵਰਣ-ਪ੍ਰਥਾ ਦੇ ਹਾਮੀ ਹਿੰਦੂ ਪੁਜਾਰੀਆਂ ਵੱਲੋਂ ਤ੍ਰਿਸਕਾਰੇ ਜਾਣ ਦਾ ਡੰਗ ਸਹਿ ਰਹੀ ਸੀ। ਸੋ ਇਸੇ ਕਰਕੇ ਗੁਲਾਬਦਾਸੀ ਪ੍ਰਥਾ ਅਤੇ ਪੀਰੋ ਉੱਪਰ ਵਿਸਥਾਰ-ਪੂਰਵਕ ਪੁਸਤਕ ਲਿਖਣ ਵਾਲੀ ਚਿੰਤਕ ਅੰਸ਼ੂ ਮਲਹੋਤਰਾ ਨੇ ਪੀਰੋ ਨੂੰ "A Low-Caste Muslim Prostitute of Lahore"[5] ਕਿਹਾ ਹੈ। ਉਸ ਨੇ ਨਾਰੀ ਦੇਹ ਦੀ ਸੁੱਚਤਾ ਵਾਲੀ ਸਾਮੰਤੀ ਮਰਦ ਨੈਤਿਕਤਾ ਦਾ ਪੂਰੀ ਬੁਲੰਦ ਆਵਾਜ਼ ਵਿੱਚ ਖੰਡਨ ਕੀਤਾ। ਉਸ ਨੇ ਨਾਰੀ ਦੀ ਸੁਤੰਤਰ ਪਛਾਣ ਨੂੰ ਸੰਸਥਾਈ ਧਰਮਾਂ ਦੀ ਕਾਣੀ ਤੇ ਫ਼ਿਰਕੂ ਸਿਆਸਤ ਤੋਂ ਮੁਕਤ ਕੀਤਾ, ਜਦੋਂ ਆਇਸ਼ਾਂ ਸੰਤ ਗੁਲਾਬ ਦਾਸ ਦੇ ਡੇਰੇ ਰਹਿੰਦੀ ਹੈ, ਤਾਂ ਇਲਾਹੀ ਬਖ਼ਸ਼ ਆਪਣੀ ਤਾਕਤ ਦੇ ਹੰਕਾਰ ਨਾਲ ਉਸ ਨੂੰ ਡਰਾਉਂਦਾ ਹੈ, ਪ੍ਰੰਤੂ ਆਇਸ਼ਾਂ ਇੱਥੇ ਵੀ ਆਪਣੇ ਅਕੀਦੇ ਉੱਤੇ ਅਟੱਲ ਸਥਾਪਤੀ ਪ੍ਰਤੀ ਵਿਦਰੋਹ ਕਰਦੀ ਹੈ। ਸਥਾਪਤ ਸਾਮੰਤੀ ਇਤਿਹਾਸਕ ਤਰਕ ਅਨੁਸਾਰ ਮਰਦ ਮਾਲਕ ਹੈ, ਹਾਕਮ ਹੈ ਅਤੇ ਔਰਤ ਉਸ ਦੇ ਅਧੀਨ ਹੈ। ਦੂਜੇ ਪਾਸੇ ਔਰਤ ਆਪਣੀ ਸੁਤੰਤਰ ਹੋਂਦ ਦਾ ਪ੍ਰਵਚਨ ਸਿਰਜਦੀ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਸਵਰਾਜਬੀਰ ਦੋ ਜਮਾਤੀ ਵਿਚਾਰਧਾਰਾਵਾਂ ਦੇ ਟਕਰਾਉ ਨੂੰ ਅੰਕਿਤ ਕਰਦਾ ਹੈ। ਇੱਕ ਦਮਨਕਾਰੀ ਵਿਚਾਰਧਾਰਾ ਅਤੇ ਦੂਸਰੀ ਪ੍ਰਤਿਰੋਧ ਦੀ ਵਿਚਾਰਧਾਰਾ ਹੈ।

ਗੁਲਾਬ ਦਾਸ ਦੇ ਪਾਤਰ ਰਾਹੀਂ ਸਵਰਾਜਬੀਰ ਧਰਮ ਤੇ ਅਧਿਆਤਮਵਾਦ ਦੇ ਸਰੂਪ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ। ਗੁਲਾਬ ਦਾਸ ਅਧਿਆਤਮਵਾਦ ਦੇ ਉਲਟ ਇੰਦਰਿਆਵੀ ਸੁੱਖਾਂ ਨੂੰ ਜੀਵਨ ਦਾ ਮਨੋਰਥ ਦੱਸਦਾ ਹੈ। ਉਹ ਧਾਰਮਕ ਪਾਖੰਡਾਂ ਦਾ ਵਿਰੋਧੀ ਵੀ ਹੈ ਤੇ ਸਥਾਪਤੀ ਵਿਰੋਧੀ ਵੀ। ਉਹ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਾਂਗ ਆਪਣਾ ਅਲੱਗ ਦਰਬਾਰ ਸਜਾਉਂਦਾ ਹੈ, ਜਿਸ ਪਿੱਛੇ

CGCTA

ਕਾਰਨ ਜਾਤ-ਪਾਤ ਦੇ ਪੱਖੋਂ ਹੁੰਦੇ ਵਿਤਕਰੇ ਦਾ ਪ੍ਰਤਿਰੋਧ ਹੈ, "ਦਿਲਚਸਪ ਤੱਥ ਇਹ ਹੈ ਕਿ ਸਿੱਖ ਸੰਪ੍ਰਦਾਵਾਂ ਤੇ ਭੱਦਰ ਸਮਾਜ ਵੱਲੋਂ ਤ੍ਰਿਸਕਾਰੇ ਗੁਲਾਬ-ਦਾਸੀ/ਆਰਿਫ਼ਾਂ ਨੇ ਆਪਣੇ ਵਰਗੇ ਹਾਸ਼ੀਏ ਦੇ ਸਮਾਜ (ਸ਼ੂਦਰ, ਨਾਰੀ) ਦੀ ਰਚਨਾ-ਸ਼ਕਤੀ ਨੂੰ ਮਾਨਤਾ ਦਿੱਤੀ।"[6] ਇਸ ਤਰ੍ਹਾਂ ਗੁਲਾਬ ਦਾਸ ਆਪਣੇ ਸਮਕਾਲੀ ਸਮਾਜ ਨੂੰ ਧਰਮ, ਫ਼ਿਰਕੂ ਸੰਪਰਦਾਵਾਂ ਦੀ ਵੰਨ-ਸੁਵੰਨਤਾ, ਮਜ਼ਹਬੀ ਧੜੇਬੰਦੀਆਂ, ਭੱਦਰ ਨੈਤਿਕਤਾ ਕਾਰਨ ਸੀਮਿਤ ਪਛਾਣਾਂ ਅਤੇ ਹੱਦਬੰਦੀਆਂ 'ਚ ਘਿਰਿਆ ਦੇਖਦਾ ਹੈ। ਉੱਨੀਵੀਂ ਸਦੀ 'ਚ ਸਥਾਪਤ ਹੋਏ ਅਖੌਤੀ ਸਿੱਖ ਰਾਜ ਦੀ ਇਤਿਹਾਸਕਤਾ ਅਤੇ ਇਸ ਦੁਆਰਾ ਸਮਾਜ 'ਚ ਲਿੰਗ, ਜਾਤ ਤੇ ਧਰਮ ਦੇ ਆਧਾਰ 'ਤੇ ਪੈਦਾ ਹੋਈ ਅਸਮਾਨਤਾ ਨੂੰ ਨਾਟਕਕਾਰ ਨੇ ਬੇਬਾਕੀ ਨਾਲ ਬਿਆਨ ਕੀਤਾ ਹੈ। ਗੁਲਾਬ ਦਾਸ ਦੇ ਪਾਤਰ ਰਾਹੀਂ ਨਾਟਕਕਾਰ ਅਖੌਤੀ ਸਿੱਖ ਰਾਜ ਦੀ ਆਦਰਸ਼ਕ ਤਸਵੀਰ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ। ਡਾ. ਸਰਬਜੀਤ ਸਿੰਘ ਦੇ ਇਨ੍ਹਾਂ ਸ਼ਬਦਾਂ ਤੋਂ ਅਖਾਉਤੀ ਸਿੱਖ ਰਾਜ ਦੇ ਅਸਮਾਨਤਾ ਭਰੇ ਮਾਹੌਲ ਦੀ ਸਹੀ ਸਮਝ ਪੈਂਦੀ ਹੈ:-

> ਮਹਾਰਾਜਾ ਰਣਜੀਤ ਸਿੰਘ ਦਾ ਰਾਜ, ਜਿਸ ਨੂੰ ਸਿੱਖ ਰਾਜ ਜਾਂ ਪੰਜਾਬੀ ਰਾਜ ਕਹਿ ਕੇ ਫ਼ਿਊਡਲੀ ਅਵਸ਼ੇਸ਼ਾਂ ਵੱਲੋਂ ਅੱਜ ਵੀ ਲੋਕ ਅਵਚੇਤਨ ਵਿੱਚ ਟਿਕਾਇਆ ਜਾਂਦਾ ਹੈ, ਦਰਅਸਲ ਉਹ ਰਜਵਾੜਾਸ਼ਾਹੀ ਰਾਜ ਵਿੱਚ ਨਾ ਸਿੱਖ ਧਰਮ ਦਾ ਸਿਰਜਤ ਸਮਾਜ ਸੀ ਅਤੇ ਨਾ ਹੀ ਸਿੱਖ (ਗੁਰਮਤਿ) ਦਰਸ਼ਨ ਦੀਆਂ ਲੋਕ ਹਿਤ ਦੀਆਂ ਰੁਤ੍ਹੀਆਂ ਨੂੰ ਪ੍ਰਣਾਇਆ ਹੋਇਆ ਸੀ। ਬਰਾਬਰਤਾ ਦਾ ਸੁਆਲ ਸਮਾਜਕ ਅਤੇ ਆਰਥਿਕਤਾ ਪੱਖੋਂ ਵਿਤਕਰੇ ਵਾਲਾ ਸੀ।"[7]

ਗੁਲਾਬ ਦਾਸ ਦੀ ਵਿਚਾਰਧਾਰਾ ਹਰ ਤਰ੍ਹਾਂ ਦੇ ਧਾਰਮਿਕ, ਆਰਥਕ, ਰਾਜਸੀ, ਜਾਤ-ਪਾਤ, ਵਰਣ ਤੇ ਲਿੰਗ ਆਧਾਰਤ ਵਿਤਕਰਿਆਂ ਦੇ ਵਿਰੁੱਧ ਹੈ, ਜੋ ਕਿ ਮਨੁੱਖੀ ਅਸਤਿਤਵ ਨੂੰ ਸੀਮਤ ਕਰਦੇ ਹਨ। ਗੁਲਾਬ ਦਾਸ ਆਪਣੀ ਸੁਤੰਤਰ ਵਿਚਾਰਧਾਰਾ ਰਾਹੀਂ ਸਥਾਪਤੀ ਦੁਆਰਾ ਮਨੁੱਖ ਦੀ ਕੀਤੀ ਜਾ ਰਹੀ ਸੀਮਿਤ ਪਛਾਣ ਖ਼ਿਲਾਫ਼ ਵਿਦਰੋਹ ਕਰਦਾ ਹੈ। ਇਸੇ ਕਰਕੇ ਉਸ ਨੂੰ ਸਮਕਾਲੀ ਧਰਮ ਤੇ ਰਾਜ ਸੱਤਾ ਦੇ ਨਾਲ-ਨਾਲ ਆਪਣੇ ਡੇਰੇ ਅੰਦਰ ਮੌਜੂਦ ਲਿੰਗ ਆਧਾਰਿਤ ਮਰਦਾਵੀਂ ਚੌਧਰ ਨਾਲ ਵੀ ਵਿਦਰੋਹੀ ਸੁਰ ਅਪਣਾਉਣੀ ਪੈਂਦੀ ਹੈ।

ਗੁਲਾਬ ਦਾਸ ਸਾਮੰਤਸ਼ਾਹੀ ਵਿਰੁੱਧ ਟੱਕਰ ਲੈ ਕੇ ਆਇਸ਼ਾਂ ਨੂੰ ਪੀਰੋ ਦਾ ਦਰਜਾ ਦੇ ਕੇ ਔਰਤ ਨੂੰ ਉਹ ਅਧਿਆਤਮਕ ਰੁਤਬਾ ਪ੍ਰਦਾਨ ਕਰਦਾ ਹੈ, ਜੋ ਕਿ ਉਸ ਸਮੇਂ ਤੱਕ ਔਰਤ ਲਈ ਸੰਭਵ ਨਹੀਂ ਸੀ। ਇਸ ਤਰ੍ਹਾਂ ਗੁਲਾਬ ਦਾਸ ਧਰਮ ਦੇ ਉਸ ਦਰਸ਼ਨ ਨੂੰ ਰੱਦ ਕਰਦਾ ਹੈ, ਜਿੱਥੇ ਔਰਤ ਨੂੰ ਦੁਜੈਲੇ ਸਥਾਨ 'ਤੇ ਰੱਖਿਆ ਜਾਂਦਾ ਹੈ। ਹਿੰਦੂ ਧਰਮ 'ਚ ਭਾਰੂ ਵਰਣ ਵਿਵਸਥਾ ਮਰਦਾਵੀਂ ਚਿੰਨ੍ਹ ਮਰਿਆਦਾ ਔਰਤ ਨੂੰ ਧਰਮ 'ਚੋਂ ਬਾਹਰ ਕਰ ਦਿੰਦੀਆਂ ਹਨ। ਪੀਰੋ ਵੀ ਧਰਮ ਤੇ ਮਰਦ ਸੱਤਾ ਦੇ ਗੱਠਜੋੜ ਦੀ ਇਸ

CGCTA

ਰਾਜਨੀਤੀ ਪ੍ਰਤੀ ਚੇਤਨ ਹੋ ਕੇ ਵਿਦਰੋਹ ਕਰਦੀ ਦਿਖਾਈ ਦਿੰਦੀ ਹੈ, ਜੋ ਨਾਰੀ ਸਵੈ-ਪਛਾਣ ਨੂੰ ਸਥਾਪਤ ਨਹੀਂ ਹੋਣ ਦਿੰਦੀ। ਉਸ ਸਮੇਂ ਦੀ ਨਾਰੀ, ਪਿਤਰ ਸੱਤਾ ਤੇ ਧਰਮ 'ਚ ਭਾਰੂ ਮਰਦਾਵੀਂ ਚੌਧਰ ਦੀ ਗ਼ੁਲਾਮੀ ਦਾ ਸ਼ਿਕਾਰ ਸੀ। ਉਸ ਨੇ ਪੁਰਾਤਨ ਸਮੇਂ ਤੋਂ ਆਪਣੀ ਗ਼ੁਲਾਮੀ ਨੂੰ ਕਬੂਲਿਆ ਹੋਇਆ ਸੀ। ਇਉਂ ਆਪਣੀ ਸੁਤੰਤਰਤਾ ਦੀ ਪ੍ਰਾਪਤੀ ਲਈ ਉਸ ਨੂੰ ਸਾਰੇ ਬੰਧਨਾਂ ਤੋਂ ਪਾਰ ਪਾਉਣਾ ਪਵੇਗਾ।

ਇਸ ਤਰ੍ਹਾਂ ਸਵਰਾਜਬੀਰ ਗੁਲਾਬ ਦਾਸ ਅਤੇ ਪੀਰੋ ਨੂੰ ਸਾਮੰਤਸ਼ਾਹੀ ਕਦਰ-ਪ੍ਰਬੰਧ ਖ਼ਿਲਾਫ਼ ਵਿਦਰੋਹੀ ਪਾਤਰਾਂ ਵਜੋਂ ਸਿਰਜਦਾ ਹੋਇਆ ਇਤਿਹਾਸ ਦੀ ਉਸ ਦੱਬੀ ਪਰਤ ਨੂੰ ਉਜਾਗਰ ਕਰਦਾ ਹੈ, ਜਿਹੜੀ ਮਨੁੱਖ ਨੂੰ ਦਬਾਈ ਰੱਖਣਾ ਚਾਹੁੰਦੀ ਹੈ। ਸਾਮੰਤੀ ਕਦਰ-ਪ੍ਰਬੰਧ ਔਰਤ ਤੇ ਮਰਦ ਨੂੰ ਧਰਮ ਦੇ ਰਾਹੀਂ ਉਸ ਅਧਿਆਤਮਕ ਨੇਮ ਪ੍ਰਬੰਧ 'ਚ ਬੰਨ੍ਹ ਕੇ ਗ਼ੁਲਾਮ ਬਣਾਉਣ ਦਾ ਯਤਨ ਕਰਦਾ ਹੈ, ਜਿਹੜਾ ਅਧਿਆਤਮਕ ਪਵਿੱਤਰਤਾ ਅਤੇ ਰੱਬੀ ਹੁਕਮ ਨਾਲ ਸੰਬੰਧਿਤ ਹੋ ਕੇ ਨਿਆਂਇਕ ਬਣਦਾ ਹੈ।

## ਹਵਾਲੇ

1. ਪਾਲੀ ਭੁਪਿੰਦਰ ਸਿੰਘ, ਪੰਜਾਬੀ ਨਾਟਕ ਅਤੇ ਨਾਟ ਚਿੰਤਨ, ਪੰਨਾ 121
2. ਦੇਵਿੰਦਰ ਵਿਦਿਆਰਥੀ, 'ਪੰਜਾਬ ਦੀ ਪਹਿਲੀ ਇਸਤ੍ਰੀ ਕਵੀ', ਖੋਜ ਅੰਕ-2, ਜੁਲਾਈ-ਸਤੰਬਰ 1974, ਪੰਨੇ 90-91
3. ਡਾ. ਸੁਖਦੇਵ ਸਿੰਘ (ਸੰਪਾ.), ਸੁਰ-ਪੀਰੋ, ਪੰਨਾ 27-28
4. ਡਾ. ਸਰਬਜੀਤ ਸਿੰਘ (ਸੰਪਾ.) 'ਵਿਪਰੀਤ ਦੀ ਰੀਤ: ਸ਼ਾਇਰੀ', ਮਿੱਥ ਅਤੇ ਵਰਤਮਾਨ, ਪੰਨਾ 209
5. Anshu Malhotra, 'Panths and piety in the Nineteenth century: The Gulabdasis of Punjab', Punjab. Reconsidered: History, culture and Practice, (Co-ed. Farina Mir), P. 198
6. ਡਾ. ਸੁਖਦੇਵ ਸਿੰਘ (ਸੰਪਾ.), ਸੁਰ ਪੀਰੋ, ਪੰਨਾ 44
7. ਡਾ. ਸਰਬਜੀਤ ਸਿੰਘ (ਸੰਪਾ.), 'ਵਿਪਰੀਤ ਦੀ ਰੀਤ ਸ਼ਾਇਰੀ', ਮਿੱਥ ਅਤੇ ਵਰਤਮਾਨ, ਪੰਨਾ 212

CGCTA